
ਅਭਿਆਸ ੩

0335CH03



# ਤਿਓਹਾਰ ਮਨਾਉਣਾ

## ਫੁੱਲਾਂ ਦਾ ਤਿਉਹਾਰ



ਮੇਰਾ ਨਾਮ ਰਿਸ਼ੀ ਹੈ।

ਮੈਂ ਜੰਮੂ ਰਹਿੰਦਾ ਹਾਂ। ਮੈਂ ਆਪਣੇ ਮਾਤਾ-ਪਿਤਾ ਨਾਲ ਹਿਮਾਲਿਆ ਦੇ ਪਹਾੜਾ ਦੀ ਯਾਤਰਾ ਕਰਨ ਜਾ ਰਿਹਾ ਹਾਂ। ਅਸੀਂ ਆਪਣੇ ਮਾਮਾ, ਮਾਮੀ ਅਤੇ ਮੇਰੇ ਮਮੇਰੀ ਭੈਣ ਚੀਆ ਅਤੇ ਨੇਨਿਕਾ ਦੇ ਘਰ ਜਾ ਰਹੇ ਹਾਂ। ਉਹ ਪਹਾੜਾਂ ਦੇ ਨੇੜੇ ਇੱਕ ਛੋਟੇ ਜਿਹੇ ਪਿੰਡ ਵਿੱਚ ਰਹਿੰਦੇ ਹਨ। ਅਸੀਂ ਬੱਸ ਰਾਹੀਂ ਯਾਤਰਾ ਕਰ ਰਹੇ ਹਾਂ। ਮੈਂ ਬੱਸ ਦੀ ਸਵਾਰੀ ਦਾ ਅਨੰਦ ਲੈ ਰਿਹਾ ਹਾਂ ਅਤੇ ਖਿੜਕੀ ਦੇ ਬਾਹਰ ਦਾ ਦ੍ਰਿਸ਼ ਬਹੁਤ ਸੁੰਦਰ ਹੈ। ਸੜਕਾਂ 'ਤੇ ਮੋੜ ਹਨ ਅਤੇ ਪਹਾੜੀਆਂ 'ਤੇ ਰੰਗੀਨ ਫੁੱਲਾਂ ਨਾਲ ਢੱਕੀਆਂ ਹੋਈਆਂ ਹਨ। ਮੈਂ ਦੂਰ ਕਈ ਤਰ੍ਹਾਂ ਦੇ ਲੰਬੇ - ਲੰਬੇ ਰੁੱਖ ਵੀ ਦੇਖ ਸਕਦਾ ਸੀ।

© NCERT not to be republished




## ਵਿਚਾਰ-ਚਰਚਾ

- ਕੀ ਤੁਸੀਂ ਕਦੇ ਬੱਸ ਵਿੱਚ ਸਫ਼ਰ ਕੀਤਾ ਹੈ? ਜੇ ਹਾਂ, ਤਾਂ ਤਜ਼ਰਬੇ ਨੂੰ ਆਪਣੇ ਸਹਿਪਾਠੀਆਂ ਨਾਲ ਸਾਂਝਾ ਕਰੋ।
- ਤੁਸੀਂ ਆਪਣੀ ਯਾਤਰਾ ਦੌਰਾਨ ਕਿਸ ਕਿਸਮ ਦੇ ਰੁੱਖ ਅਤੇ ਫੁੱਲ ਵੇਖੇ ਸਨ?
- ਯਾਤਰਾ ਕਰਦੇ ਸਮੇਂ ਤੁਹਾਨੂੰ ਕਿਹੜੇ ਸੁਰੱਖਿਆ ਉਪਾਅ ਕਰਨੇ ਚਾਹੀਦੇ ਹਨ?
- ਸਾਈਕਲ ਚਲਾਉਂਦੇ ਸਮੇਂ ਅਤੇ ਸੜਕ ‘ਤੇ ਤੁਰਦੇ ਸਮੇਂ ਤੁਹਾਨੂੰ ਕਿਹੜੇ ਸੁਰੱਖਿਆ ਉਪਾਅ ਕਰਨੇ ਚਾਹੀਦੇ ਹਨ?

© NCERT not to be republished



## ਗਤੀਵਿਧੀ ੧

**ਕੌਲਮ A ਵਿੱਚ ਦਿੱਤੇ ਗਏ ਸਾਈਨਬੋਰਡਾਂ ਨੂੰ ਕੌਲਮ B ਵਿੱਚ ਉਨ੍ਹਾਂ ਦੇ ਅਰਥਾਂ ਨਾਲ ਮੇਲ ਕਰੋ।**

| ਕਾਲਮ A | ਕਾਲਮ B |
|---|---|
|  | ਇੱਥੇ ਵਾਹਨ ਖੜਾ ਨਾ ਕਰੋ |
|  | ਕਿਰਪਾ ਕਰਕੇ ਹਾਰਨ ਨਾ ਵਜਾਓ |
|  | ਗਤੀ ਘਟਾਓ |
|  | ਯੂ-ਟਰਨ ਮਨ੍ਹਾਂ ਹੈ |
|  | ਕੰਮ ਚੱਲ ਰਿਹਾ ਹੈ |
|  | ਅੱਗੇ ਸਕੂਲ ਹੈ |

## ਉਤਾਰਾ/ਛਾਪਾ

ਤੁਸੀਂ ਸੜਕ 'ਤੇ ਬਹੁਤ ਸਾਰੇ ਸੰਕੇਤ ਚਿੰਨ੍ਹ ਦੇਖੇ ਹੋਣਗੇ। ਕਿਸੇ ਵੀ ਤਿੰਨ ਸੜਕ ਸੰਕੇਤ ਚਿੰਨ੍ਹਾਂ ਨੂੰ ਬਣਾਓ ਅਤੇ ਜੋ ਉੱਪਰ ਸੂਚੀਬੱਧ ਨਹੀਂ ਹੋਣ ।


© NCERT not to be republished




ਕੁਝ ਦੇਰ ਬਾਅਦ, ਅਸੀਂ ਮਾਮਾ ਅਤੇ ਮਾਮੀ ਦੇ ਪਿੰਡ ਦੇ ਨੇੜੇ ਬੱਸ ਸਟਾਪ ‘ਤੇ ਪਹੁੰਚ ਗਏ। ਅਸੀਂ ਬੱਸ ਤੋਂ ਹੇਠਾਂ ਉਤਰ ਗਏ। ਮਾਮਾ ਜੀ ਸਾਨੂੰ ਲੈਣ ਆਏ ਸਨ। ਪਹਿਲਾਂ ਤਾਂ ਅਸੀਂ ਇੱਕ ਚੌੜੀ ਪੱਕੀ ਸੜਕ ‘ਤੇ ਚਲੇ ਫਿਰ ਅਸੀਂ ਮਾਮਾ ਜੀ ਦੇ ਘਰ ਤੱਕ ਜਾਣ ਵਾਲੀ ਤੰਗ ਕੱਚੀ ਸੜਕ ਵੱਲ ਚੱਲ ਪਏ ।

ਜਿਵੇਂ ਹੀ ਅਸੀਂ ਮੁੱਖ ਦਰਵਾਜ਼ੇ ਵਿੱਚ ਦਾਖਲ ਹੋਏ, ਮੇਰੀ ਨਜ਼ਰ ਉਨ੍ਹਾਂ ਦੇ ਬਾਗ਼ ਵਿੱਚ ਰੰਗੀਨ ਫੁੱਲਾਂ ਦੀ ਇੱਕ ਕਤਾਰ ਤੇ ਪਈ। ਮੈਂ ਉਨ੍ਹਾਂ ਵਿੱਚੋਂ ਕੁਝ ਫੁੱਲਾਂ ਨੂੰ ਪਛਾਣ ਸਕਦਾ ਸੀ ਅਤੇ ਉਨ੍ਹਾਂ ਦੇ ਨਾਮ ਦੱਸ ਸਕਦਾ ਸੀ ਜਿਵੇਂ ਕਿ ਗੁਲਾਬ, ਗੇਂਦਾ ਅਤੇ ਗੁੜਹਲ । ਹਾਲਾਂਕਿ, ਮੈਂ ਫੁੱਲਾਂ ਦੀ ਸੁੰਦਰਤਾਂ ਤੋਂ ਹੈਰਾਨ ਸੀ। ਮੈਂ ਫੁੱਲ ਤਾਂ ਪਹਿਲਾਂ ਵੀ ਦੇਖੇ ਸਨ, ਪਰ ਇਸ ਤਰ੍ਹਾਂ ਦੇ ਸੁੰਦਰ ਫੁੱਲਾਂ ਤੋਂ ਹੈਰਾਨ ਸੀ।

“ਕਿਰਪਾ ਕਰਕੇ ਕੀ ਤੁਸੀਂ ਮੈਨੂੰ ਇਨ੍ਹਾਂ ਫੁੱਲਾਂ ਦੇ ਨਾਮ ਦੱਸ ਸਕਦੇ ਹੋ?” ਮੈਂ ਨੇਨਿਕਾ ਨੂੰ ਪੁੱਛਿਆ।



© NCERT not to be republished



ਨੇਨਿਕਾ ਨੇ ਇੱਕ ਫੁੱਲ ਵੱਲ ਇਸ਼ਾਰਾ ਕਰਦੇ ਹੋਏ, ਕਿਹਾ, "ਇਹ ਟਿਊਲਿਪ (ਗੁਲਲਾਲਾ) ਹੈ।

ਮਾਮੀ ਨੇ ਫਿਰ ਬੱਚਿਆਂ ਨੂੰ ਦੁਪਹਿਰ ਦੇ ਖਾਣੇ ਲਈ ਬੁਲਾਇਆ।

ਉਨ੍ਹਾਂ ਸਾਰਿਆਂ ਨੇ ਗਰਮ ਚਾਵਲ ਦੇ ਨਾਲ ਕਸ਼ਮੀਰੀ ਪਕਵਾਨ ਹਾਖ (ਇੱਕ ਕਿਸਮ ਦੀ ਪੱਤੇਦਾਰ ਸਬਜ਼ੀ) ਖਾਧੀ ਸੀ। ਇਹ ਸੱਚਮੁੱਚ ਬਹੁਤ ਸੁਆਦ ਸੀ।

"ਕੀ ਤੁਸੀਂ ਜਾਣਦੇ ਹੋ ਕਿ ਸਾਲ ਦੇ ਇਸ ਸਮੇਂ ਸਾਡੇ ਕੋਲ ਕਸ਼ਮੀਰ ਟਿਊਲਿਪ ਦਾ ਤਿਉਹਾਰ ਹੁੰਦਾ ਹੈ?" ਨੇਨਿਕਾ ਨੇ ਦੁਪਹਿਰ ਦੇ ਖਾਣਾ ਖਾਂਦੇ ਹੋਏ ਕਿਹਾ।

"ਸਾਡੇ ਕੋਲ ਵੀ ਪਿਆਰੇ ਲਾਲ ਫੁੱਲ ਹਨ ਜੋ ਸਾਡੇ ਘਰ ਬਸੰਤ ਰੁੱਤ ਵਿੱਚ ਖਿਲਦੇ ਹਨ। ਉਨ੍ਹਾਂ ਨੂੰ ਬੁਰਾਂਸ਼ ਦੇ ਫੁੱਲ ਕਿਹਾ ਜਾਂਦਾ ਹੈ, ਮੈਂ ਕਿਹਾ ।

ਮੈਂ ਚੀਆ ਅਤੇ ਨੇਨਿਕਾ ਨੂੰ ਬਸੰਤ ਦੇ ਤਿਉਹਾਰ ਬਾਰੇ ਦੱਸਿਆ ਕਿ ਅਸੀਂ ਬਹੁਤ ਖੁਸ਼ੀ ਤੇ ਉਤਸ਼ਾਹ ਨਾਲ ਮਨਾਉਂਦੇ ਹਾਂ। ਮੈਂ ਉਨ੍ਹਾਂ ਦੱਸਿਆ ਕਿ ਇਸ ਤਿਉਹਾਰ ਵਿਚ ਮੈਂ ਤੇ ਮੇਰੇ ਮਿੱਤਰ ਆਪਣੇ ਗੁਆਂਢ ਦੇ ਘਰ ਦੇ ਬਾਹਰ ਸਰਸੋਂ ਤੇ ਬੁਰਾਂਸ਼ ਦੇ ਫੁੱਲ ਸਜਾਉਂਦੇ ਹਾਂ। ਸਾਨੂੰ ਇਸ ਕੰਮ ਲਈ ਸਾਡੇ ਬਜ਼ੁਰਗ ਸਾਨੂੰ ਆਸ਼ੀਰਵਾਦ ਦਿੰਦੇ ਹਨ ਅਤੇ ਸਾਨੂੰ ਟੌਫੀਆਂ ਅਤੇ ਮਠਿਆਈਆਂ ਵੀ ਦਿੰਦੇ ਹਨ।



© NCERT not to be republished



ਚਿਆ ਨੇ ਉਤਸ਼ਾਹ ਨਾਲ ਕਿਹਾ, "ਮੇਰੀ ਕੇਰਲ ਦੀ ਦੋਸਤ ਉਨੀ ਵੀ ਇਸ ਸਮੇਂ ਤਿਉਹਾਰ ਮਨਾਉਂਦੀ ਹੈ , ਜਿਸਨੂੰ ਵਿਸ਼ੂ ਕਿਹਾ ਜਾਂਦਾ ਹੈ। ਉਹ ਬਹੁਤ ਜ਼ਿਆਦਾ ਪੀਲੇ ਰੰਗ ਦੀ ਵਰਤੋਂ ਕਰਦੇ ਹਨ ਜਿਸ ਵਿਚ ਅਮਤਲਾਸ਼ ਦੇ ਬਹੁਤ ਸਾਰੇ ਪੀਲੇ ਰੰਗ ਦੇ ਫੁੱਲ, ਫਲ ਅਤੇ ਸਬਜ਼ੀਆਂ ਵਿਸ਼ੂ ਕਾਨੀ*. ਬਣਾਉਂਦੇ ਹਨ

ਇਸ ਗੱਲ-ਬਾਤ ਵਿੱਚ ਮਾਮੀਜੀ ਨੇ ਸ਼ਾਮਿਲ ਹੋ ਕੇ ਕਿਹਾ, "ਬਸੰਤ ਕੁਦਰਤ ਦਾ ਜਸ਼ਨ ਹੈ। ਬਹੁਤ ਸਰਦੀਆਂ ਤੋਂ ਬਾਅਦ, ਸੂਰਜ ਚਮਕਦਾ ਹੈ ਅਤੇ ਅਸੀਂ ਆਪਣੇ ਆਲੇ



ਦੁਆਲੇ ਫੁੱਲ ਖਿਲਦੇ ਵੇਖਦੇ ਹਾਂ, ਘਾਹ ਉੱਗਦਾ ਹੈ ਅਤੇ ਰੁੱਖਾਂ ਵਿੱਚ ਨਵੇਂ ਪੱਤੇ ਉੱਗਦੇ ਹਨ।

ਮੈਂ ਮਾਮੀ, ਚੀਆ ਅਤੇ ਨੋਨਿਕਾ ਨੂੰ ਕਿਹਾ, ਜਦੋਂ ਮੈਂ ਆਪਣੇ ਆਲੇ-ਦੁਆਲੇ ਦੇ ਸੁੰਦਰ ਅਤੇ ਰੰਗੀਨ ਫੁੱਲਾਂ ਨੂੰ ਦੇਖਦਾ ਹਾਂ ਤਾਂ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ।

ਅਸੀਂ ਕੁਝ ਦਿਨਾਂ ਬਾਅਦ ਘਰ ਵਾਪਸ ਆ ਗਏ। ਇਹ ਮੇਰੇ ਪਰਿਵਾਰ ਨਾਲ ਬਿਤਾਈਆਂ ਇੱਕ ਸ਼ਾਨਦਾਰ ਯਾਦਗਾਰ ਵਾਲੀਆਂ ਛੁੱਟੀਆਂ ਸਨ।

© NCERT not to be republished

* ਵਿਸ਼ੂ ਕਨੀ, ਮਲਿਆਲੀ ਨਵੇਂ ਸਾਲ ਦੇ ਪਹਿਲੇ ਦਿਨ ਮਨਾਇਆ ਜਾਣ ਵਾਲਾ ਇੱਕ ਸ਼ੁਭ ਰਸਮ ਹੈ। ਸੂਰਜ ਚੜ੍ਹਨ ਵੇਲੇ ਸ਼ੁਭ ਚੀਜ਼ਾਂ ਦੇ ਦਰਸ਼ਨ ਕਰਨ ਵਾਲੇ ਸਾਲ ਨੂੰ ਫਲਦਾਇਕ ਅਤੇ ਖੁਸ਼ਹਾਲ ਸਾਲ ਲਿਆਉਣ ਲਈ ਮੰਨਿਆ ਜਾਂਦਾ ਹੈ।



## ਗਤੀਵਿਧੀ ੨





### ਗੀਤ ਗਾਓ ਅਤੇ ਮਜ਼ੇ ਕਰੋ


ਓਹ! ਬਸੰਤ ਹਵਾ ਵਿੱਚ ਹੈ,
ਬੱਚੇ ਹਰ ਜਗ੍ਹਾ ਖੁਸ਼ ਹਨ,
ਰੁੱਖਾਂ ‘ਤੇ ਨਵੇਂ ਪੱਤੇ ਦਿਖਾਈ ਦਿੰਦੇ ਹਨ,
ਜਿਵੇਂ ਕਿ ਫੁੱਲ ਹਵਾ ਵਿੱਚ ਉੱਗਦੇ ਹਨ।

ਸੂਰਜ ਅਕਾਸ਼ ਵਿੱਚ ਚਮਕਦਾ ਹੈ,
ਗਹਿਰੀਆਂ ਅਤੇ ਪੰਛੀ ਖੁਸ਼ੀ ਨੂੰ ਸਾਂਝਾ ਕਰਦੇ ਹਨ,
ਬਸੰਤ ਆ ਗਈ, ਆਓ ਨਾਚੀਏ ਅਤੇ ਗਾਈਏ,
ਇਹ ਉਮੀਦਾਂ ਅਤੇ ਖੁਸ਼ੀ ਨੂੰ ਲਿਆਏ।

## ਲਿਖਣਾ

1. ਆਪਣੇ ਵੱਡਿਆਂ ਨੂੰ ਹੇਠਾਂ ਦਿੱਤੇ ਹਰੇਕ ਮੌਸਮ ਲਈ ਆਪਣੇ ਇਲਾਕੇ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ ਦੇ ਨਾਮਾਂ ਬਾਰੇ ਪੁੱਛੋ।
2. ਇਨ੍ਹਾਂ ਤਿਉਹਾਰਾਂ ਦੌਰਾਨ ਤਿਆਰ ਕੀਤੇ ਜਾਣ ਵਾਲੇ ਵਿਸ਼ੇਸ਼ ਭੋਜਨ ਦੀ ਸੂਚੀ ਬਣਾਓ।

| ਮੌਸਮ | ਤਿਉਹਾਰ | ਵਿਸ਼ੇਸ਼ ਪਕਵਾਨ |
|---|---|---|
| ਬਸੰਤ | | |
| ਗਰਮੀ | | |
| ਬਰਸਾਤ | | |
| ਸਰਦੀਆਂ | | |



© NCERT not to be republished

3. ਤਿਉਹਾਰਾਂ ਦੌਰਾਨ ਤੁਸੀਂ ਕਿਹੜੇ ਵਿਸ਼ੇਸ਼ ਕੱਪੜੇ ਪਹਿਨਦੇ ਹੋ?








______________________________

______________________________

## ਗਤੀਵਿਧੀ ੩

ਹੇਠਾਂ ਦਿੱਤੀ ਸੂਚੀ ਵਿੱਚੋਂ ਤਿਉਹਾਰ ਦੇ ਨਾਲ ਭੋਜਨ ਦਾ ਨਾਮ ਮਿਲਾਓ।

| | | | |
|---|---|---|---|
| ਬਿਹੂ | ਛੱਠ ਪੂਜਾ | ਕ੍ਰਿਸਮਸ | ਈਦ-ਉਲ-ਫਿਤਰ |
| ਹੋਲੀ | ਓਨਮ | ਉਗਾਦੀ | |

| ਤਿਉਹਾਰਾਂ ਦੌਰਾਨ ਤਿਆਰ ਕੀਤਾ ਭੋਜਨ | | ਤਿਉਹਾਰਾਂ ਦੇ ਨਾਮ |
|---|---|---|
|  | ਠੇਕੂਆ | ਛੱਠ ਪੂਜਾ |
|  | ਪੀਠਾ | ______ |
|  | ਖ਼ਜੂਰ ਦਾ ਕੇਕ | ______ |
|  | ਗੁਜੀਆ | ______ |
|  | ਸਦਿਆ | ______ |
|  | ਹੋਲੀਗੇ | ______ |
|  | ਸੇਵੀਆਂ | ______ |

© NCERT not to be republished




- ਕੀ ਤੁਸੀਂ ਸੋਚਦੇ ਹੋ ਕਿ ਸਾਰੇ ਲੋਕ ਵੱਖ-ਵੱਖ ਤਿਉਹਾਰ ਵਿੱਚ ਅਲਗ-ਅਲਗ ਤਰ੍ਹਾਂ ਦੇ ਵਿਸ਼ੇਸ਼ ਭੋਜਨ ਅਤੇ ਨਵੇਂ ਕੱਪੜਿਆਂ ਪਾਉਂਦੇ ਹਨ?
- ਜਿੱਥੇ ਤੁਸੀਂ ਰਹਿੰਦੇ ਹੋ ਕੀ ਉਸ ਦੇ ਨੇੜੇ ਕੋਈ ਪਹਾੜ, ਨਦੀਆਂ ਜਾਂ ਝਰਨਾ ਹੈ? ਕੀ ਤੁਸੀਂ ਕਦੇ ਕਿਸੇ ਦੂਰ ਥਾਂ 'ਤੇ ਰਿਸ਼ਤੇਦਾਰਾਂ ਨੂੰ ਮਿਲਣ ਗਏ ਹੋ? ਉੱਥੇ ਤੁਹਾਨੂੰ ਕਿਵੇਂ ਦਾ ਮਹਿਸੂਸ ਹੁੰਦਾ ਹੈ?

## ਆਓ ਵਿਚਾਰ ਕਰੀਏ

### ੳ. ਵਿਚਾਰ ਕਰੋ

੧. ਯਾਤਰਾ ਦੌਰਾਨ ਤੁਸੀਂ ਆਵਾਜਾਈ ਦੇ ਕਿਹੜੇ ਵੱਖ-ਵੱਖ ਸਾਧਨਾ ਦੀ ਵਰਤੋਂ ਕਰਦੇ ਹੋ ?

੨. ਯਾਤਰਾ ਦੌਰਾਨ ਕੋਈ ਸੁਰੱਖਿਅਤ ਕਿਵੇਂ ਰਹਿ ਸਕਦਾ ਹੈ?

੩. ਤਿਉਹਾਰਾਂ ਦੌਰਾਨ ਕਿਹੜੇ ਵਿਸ਼ੇਸ਼ ਭੋਜਨ ਤਿਆਰ ਕੀਤੇ ਜਾਂਦੇ ਹਨ?

੪. ਸਾਨੂੰ ਤਿਉਹਾਰ ਅਤੇ ਜਸ਼ਨ ਕਿਵੇਂ ਇਕੱਠਾ ਕਰਦੇ ਹਨ?

੫. ਕੀ ਤੁਸੀਂ ਪ੍ਰਕਿਰਤੀ ਦੇ ਨਾਲ ਸਮਾਂ ਬਿਤਾਉਣ ਵਿੱਚ ਖੁਸ਼ੀ ਮਹਿਸੂਸ ਕਰਦੇ ਹੋ? ਪ੍ਰਕਿਰਤੀ ਦੀ ਕਿਹੜੀ ਗੱਲ ਤੁਹਾਨੂੰ ਖੁਸ਼ੀ ਦਿੰਦੀ ਹੈ?

### ਅ. ਲਿਖੋ

੧. ਕਿਸੇ ਦੋ ਰਿਸ਼ਤੇਦਾਰਾਂ ਦੇ ਨਾਮ ਦੱਸੋ ਜਿਸ ਨੂੰ ਤੁਸੀਂ ਹਾਲ ਹੀ ਵਿੱਚ ਮਿਲਣ ਗਏ।

੨. ਤੁਸੀਂ ਆਪਣੇ ਭੈਣ-ਭਰਾਵਾਂ ਅਤੇ ਰਿਸ਼ਤੇਦਾਰਾਂ ਨਾਲ ਕਿਵੇਂ ਸਮਾਂ ਬਿਤਾਉਂਦੇ ਹੋ?


### ੲ. ਖਾਲੀ ਥਾਵਾਂ ਨੂੰ ਭਰੋ

੧. ਚੀਆ ਅਤੇ ਨੇਨਿਕਾ ____________ ਦੇ ਨੇੜੇ ਇੱਕ ਛੋਟੇ ਜਿਹੇ ਪਿੰਡ ਵਿੱਚ ਰਹਿੰਦੇ ਹਨ ।

੨. ਬੱਸ ____________ ਸੜਕਾਂ ਦੇ ਨਾਲ ਜਾ ਰਹੀ ਸੀ ਜਿੱਥੇ ਪਹਾੜੀਆਂ ਰੰਗੀਨ ਫੁੱਲਾਂ ਨਾਲ ਢੱਕੀਆਂ ਹੋਈਆਂ ਸਨ।

੩. ਰਿਸ਼ੀ ਅਤੇ ਉਸਦਾ ਪਰਿਵਾਰ ਇੱਕ ਤੰਗ ____________ ਸੜਕ ਤੋਂ ਮਾਮਾਜੀ ਦੇ ਘਰ ਵਿਚ ਪਹੁੰਚੇ।

© NCERT not to be republished



੪. ਬਸੰਤ ਰੁੱਤ ਵਿੱਚ ਖਿਲਣ ਵਾਲੇ ਲਾਲ ਫੁੱਲਾਂ ਦਾ ਨਾਮ ________________. ਹੈ।

੫. ________________ ਇੱਕ ਕਿਸਮ ਦੀ ਪੱਤੇਦਾਰ ਸਬਜ਼ੀ ਹੈ ਜਿਸ ਦੇ ਨਾਲ ਗਰਮ ਚਾਵਲ ਖਾਧੇ ਜਾਂਦੇ ਹਨ।

## ਸ. ਚਿੱਤਰ ਬਣਾਓ।

ਇੱਕ ਚਾਰਟ ਪੇਪਰ ਲਓ ਅਤੇ ਹੇਠ ਲਿਖੇ ਸੰਕੇਤ ਚਿੰਨ੍ਹ ਬਣਾਓ। ਤੁਸੀਂ ਇਸ ਸੰਕੇਤ ਚਿੰਨ੍ਹ ਨੂੰ ਬਣਾਉਣ ਲਈ ਆਪਣੀ ਪਸੰਦ ਦੇ ਕਿਸੇ ਵੀ ਚਿੱਤਰ ਅਤੇ ਰੰਗ ਦੀ ਵਰਤੋਂ ਕਰ ਸਕਦੇ ਹੋ। ਆਪਣੇ ਸੰਕੇਤ ਚਿੰਨ੍ਹ ਬਾਰੇ ਵਰਣਨ ਕਰੋ।

- ਸਕੂਲ ਲਾਇਬ੍ਰੇਰੀ
- ਪਾਖ਼ਾਨਾ
- ਪ੍ਰਾਖਨਾ ਸਭਾ
- ਪੀਣ ਵਾਲਾ ਪਾਣੀ
- ਖੇਡ ਦਾ ਮੈਦਾਨ
- ਮੇਰੀ ਜਮਾਤ
- ਪੌੜੀਆਂ

ਆਨੰਦ ਮਾਣੋ!

© NCERT not to be republished



### ਕੀ ਤੁਸੀ ਜਾਣਦੇ ਹੋ?

ਦੁਨੀਆ ਦੇ ਸਭ ਤੋਂ ਸ਼ਾਨਦਾਰ ਪਹਾੜ ਭਾਰਤ ਦੇ ਉੱਤਰੀ ਖੇਤਰਾਂ ਵਿੱਚ ਸਥਿਤ ਹਨ ਅਤੇ ਜਿਸ ਨੂੰ **ਹਿਮਾਲਿਆ** ('ਬਰਫ ਦਾ ਘਰ') ਨਾਲ ਜਾਣਿਆ ਜਾਂਦਾ ਹੈ। ਦੁਨੀਆ ਦੀ ਸਭ ਤੋਂ ਉੱਚੀ ਪਹਾੜੀ ਚੋਟੀ ਕਿਹੜੀ ਹੈ? **ਮਾਊਂਟ ਐਵਰੈਸਟ** ਅਤੇ ਇਹ ਸਾਡੇ ਗੁਆਂਢੀ ਦੇਸ਼ ਨੇਪਾਲ ਵਿੱਚ ਸਥਿਤ ਹੈ। ਮਾਊਂਟ ਐਵਰੈਸਟ ਦੀ ਉਚਾਈ ਲਗਭਗ 8,848 ਮੀਟਰ ਹੈ।



## ਕੀ ਤੁਸੀ ਜਾਣਦੇ ਹੋ?

### ਸਰਹੁਲ: ਬਸੰਤ ਤਿਉਹਾਰ

ਸਰਹੁਲ ਤਿਉਹਾਰ ਨੂੰ ਝਾਰਖੰਡ ਵਿੱਚ ਬਸੰਤ ਰੁੱਤ ਵਿੱਚ ਮਨਾਇਆ ਜਾਂਦਾ ਹੈ। ਲੋਕ ਆਪਣੇ ਰਵਾਇਤੀ ਕੱਪੜੇ ਪਹਿਨਦੇ ਹਨ ਅਤੇ ਉਹ ਫੁੱਲ ਅਤੇ ਤਾਜ਼ੇ ਅਨਾਜ ਦੇ ਬੀਜ ਸਾਲ ਸਖੂਆ ਦੇ ਫੁੱਲ ਲੈ ਕੇ ਪੈਦਲ ਜਲੂਸ ਵਿੱਚ ਜਾਂਦੇ ਹਨ। ਸ਼ਰਧਾ ਅਤੇ ਸ਼ੁਕਰਗੁਜ਼ਾਰੀ ਨਾਲ ਧਰਤੀ ਅਤੇ ਸੂਰਜ ਨੂੰ ਭੇਟਾਂ ਦਿੱਤੀਆਂ ਜਾਂਦੀਆਂ ਹਨ। ਉਹ ਜਸ਼ਨ ਮਨਾਉਂਦੇ ਹਨ ਸਰਹੁਲ ਢੋਲ ਦੀ ਧੁਨ 'ਤੇ ਇਕੱਠੇ ਗਾ ਕੇ ਅਤੇ ਨੱਚ ਕੇ (ਢੋਲ, ਨਗਾੜਾ, ਆਦਿ) ਅਤੇ ਹੋਰ ਸਥਾਨਕ ਸੰਗੀਤ ਯੰਤਰ ਵਜਾਉਂਦੇ ਹਨ।



NCERT not to be republished